ISSN: 2584-0231(Online)
International Journal of Multidisciplinary Research in Arts, Science and Technology
Volume 4 | Issue 4 | April 2026
Available online at: https://ijmrast.com
DOI: https://doi.org/10.61778/ijmrast.v4i4.259

# ਦਰਸ਼ਨ ਧੀਰ ਦੁਆਰਾ ਰਚਿਤ ਨਾਵਲ 'ਸਲਤਨਤ': ਪੂੰਜੀ ਦਾ ਆਤੰਕ ਬਨਾਮ ਪਰਵਾਸੀ ਜੀਵਨ

# Darshan Dhir Duara Rachit Novel 'Saltnat': Poonji Da Aantik Bnaam Parvasi Jiwan

**ਡਾ. ਹਰਪ੍ਰੀਤ ਕੌਰ (Dr. Harpreet Kaur)**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਦਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ (ਪੰਜਾਬ)

Assistant Professor, Department of Punjabi, The Maharaja Bhupinder Singh Punjab Sports University, Patiala (Punjab)

**E-Mail:** brarharpreet666.ps@gmail.com

## Abstract (ਸਾਰ)

ਮਜ਼ਬੂਤ ਆਰਥਿਕ ਜਮਾਤ ਸਹਿਜੇ ਹੀ ਸਿਆਸੀ ਰਸੂਖ਼ ਅਤੇ ਆਪਣੀ ਪੈਂਠ ਬਣਾ ਕੇ ਰੱਖਦੀ ਹੈ, ਜਿਸ ਦਾ ਪੱਛਮੀ ਮੁਲਕਾਂ ਤੱਕ ਬੋਲ-ਬਾਲਾ ਹੈ। ਇਸਨੇ ਪੱਛਮ ਨੂੰ ਨੀਰਸ ਰਵੱਈਆ ਤੇ ਪਦਾਰਥਕ ਮਾਨਤਾਵਾਂ ਦਾ ਹਾਮੀ ਬਣਾ ਕੇ ਉਸ ਵਿਚੋਂ ਹਵਸ ਦੀ ਚਾਹਤ ਭਰੀ ਹੈ ਜੋ ਕਿ ਮੱਧਵਰਗੀ ਇਨਸਾਨੀ ਬਿਰਤੀਆਂ ਨੂੰ ਸਹਿਜੇ ਹੀ ਗ਼ੁਲਾਮੀ ਅਤੇ ਹਵਸ ਦਾ ਸ਼ਿਕਾਰ ਬਣਾਉਂਦੀ ਹੈ ਜਿਹਨਾਂ ਵਿਚ ਘਿਰਿਆ ਇਨਸਾਨ ਨਾ ਘਰ ਦਾ ਰਹਿੰਦਾ ਹੈ ਤੇ ਨਾ ਘਾਟ ਦਾ। ਨਾਵਲਕਾਰ ਨੇ ਜਸਵੀਰ ਅਤੇ ਕਿਰਨਜੀਤ ਦੀ ਵਾਰਤਾਲਾਪ ਰਾਹੀਂ ਪੁਸ਼ੀ ਦੀ ਜਕੜੀ ਹੋਈ ਮਨੋਦਸ਼ਾ ਨੂੰ ਬਿਆਨ ਕਰਨ ਦਾ ਪ੍ਰਯਤਨ ਕੀਤਾ ਹੈ ਜੋ ਸਧਾਰਨ ਜਮਾਤ ਨੂੰ ਲਪੇਟ ਵਿਚ ਲੈਣ ਦੀ ਨਿਸ਼ਾਨਦੇਹੀ ਕਰਦੀ ਹੈ।

**Keywords (ਕੀਵਰਡਸ):** ਮਜਬੂਤ ਆਰਥਿਕ ਜਮਾਤ, ਪੱਛਮੀ ਮੁਲਕ, ਸਿਆਸੀ ਰਸੂਖ, ਇਨਸਾਨੀ ਬਿਰਤੀ, ਗੁਲਾਮੀ, ਹਵਸ

## ਭੂਮਿਕਾ: ਪਰਵਾਸੀ ਜੀਵਨ ਅਤੇ ਪਦਾਰਥਕ ਦਵੰਦ

ਪਦਾਰਥਕ ਲੋੜਾਂ ਦੀ ਪੂਰਤੀ ਵਾਂਗ ਹੀ ਅਪਣੱਤ ਭਰੇ ਰਿਸ਼ਤਿਆਂ ਨਾਲ ਜਿਉਣਾ ਵਿਅਕਤੀ ਦਾ ਹਰ ਯੁਗ ਵਿਚ ਆਦਰਸ਼ ਰਿਹਾ ਹੈ। ਧਰਤੀ ਦਾ ਸਵਰਗ ਕਹੇ ਜਾਂਦੇ ਪੱਛਮੀ ਮੁਲਕਾਂ ਵਿਚ ਪਰਵਾਸ ਧਾਰਨ ਕਰਕੇ ਪਹੁੰਚੇ ਵਧੇਰੇ ਪੰਜਾਬੀਆਂ ਦੀਆਂ ਪਦਾਰਥਕ ਖਾਹਸ਼ਾਂ ਦੀ ਪੂਰਤੀ ਤਾਂ ਰੱਜ ਦੀ ਹੱਦ ਤੱਕ ਹੋ ਗਈ ਹੈ ਪਰ ਮੋਹ ਭਰੇ ਰਿਸ਼ਤਿਆਂ ਦੀ ਪ੍ਰਾਪਤੀ ਬਹੁਤਿਆਂ ਦੀ ਮ੍ਰਿਗ ਤ੍ਰਿਸ਼ਨਾ ਹੋ ਨਿਬੜਦੀ ਹੈ। ਬੇਸ਼ੱਕ ਆਰਥਿਕ ਨੀਤੀਆਂ ਨੇ ਪਦਾਰਥਕ ਵਾਤਾਵਰਣ ਨੂੰ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਈ ਹੈ, ਇਸਦੇ ਤਹਿਤ ਵਿਚਰਦੀ ਮਾਨਵਤਾ ਨੇ ਖੁਦ ਨੂੰ ਪਦਾਰਥਕ ਵਸੀਲਿਆਂ ਸੰਗ ਜੋੜ ਕੇ ਅਸ਼ਾਂਤੀ ਨੂੰ ਬੜਾਵਾ ਦਿੱਤਾ ਹੈ। ਆਰਥਿਕ ਆਧਾਰ ਹਰੇਕ ਸਮਾਜ ਦਾ ਮੂਲ ਤੱਤ ਹੈ। ਜਿਸ ਉਪਰ ਸਮਾਜ ਦੀ ਉਪਰਲੀ ਬਣਤਰ ਉਸਰੀ ਹੁੰਦੀ ਹੈ। *"ਆਰਥਿਕ ਸਬੰਧ ਸਥਾਪਤ ਕੀਤੇ ਬਿਨਾਂ ਲੋਕ ਉਤਪਾਦਨ ਨਹੀਂ ਕਰ ਸਕਦੇ ਅਤੇ ਇਹਦੇ ਸਿੱਟੇ ਵਜੋਂ ਉਪਜੀਵਕਾ ਦੇ ਸਾਧਨ ਨਹੀਂ ਵੰਡ ਸਕਦੇ।"*[1] ਪਰ ਅੰਤਿਮ ਸੱਚ ਇਹ ਹੈ ਕਿ ਮਨੁੱਖ ਮਸ਼ੀਨ ਨਹੀਂ ਹੈ ਉਸ ਵਿਚ ਦਿਲ ਹੈ, ਭਾਵ ਹਨ। ਇਸੇ ਕਰਕੇ ਬੜੀ ਵਾਰ ਉਸਨੇ ਇਹਨਾਂ ਵਸੀਲਿਆਂ ਨੂੰ ਤਿਲਾਂਜਲੀ ਦੇ ਕੇ ਆਪਣੀ ਕਦੀਮੀ ਸੱਭਿਅਤਾ ਨਾਲ ਜੁੜੇ ਹੋਣ ਦਾ ਪੁਖ਼ਤਾ ਸਬੂਤ ਪੇਸ਼ ਕੀਤਾ ਹੈ। ਰਿਸ਼ਤਿਆਂ ਦੇ ਅਹਿਸਾਸ ਦੇ ਨਿੱਘ ਦੇ ਸਾਹਮਣੇ ਪਦਾਰਥਕ

ਰੁਚੀਆਂ ਦਾ ਢਹਿ ਢੇਰੀ ਹੋਣਾ ਜ਼ਿੰਦਾ ਇਨਸਾਨੀ ਭਾਵਾਂ ਦੀ ਅਹਿਮ ਮਿਸਾਲ ਹੈ। ਜਿਹੜੀਆਂ ਸੁਖ-ਸਹੂਲਤਾਂ ਪਦਾਰਥਕ ਲੋੜਾਂ ਰਾਹੀਂ ਸਿਰਜੀਆਂ ਜਾਂਦੀਆਂ ਹਨ, ਉਹ ਅਹਿਸਾਸ ਦੇ ਮੇਚ ਦੀਆਂ ਕਦਾਚਿਤ ਨਹੀਂ ਹੋ ਸਕਦੀਆਂ। ਅਹਿਸਾਸ ਦੀ ਭਾਸ਼ਾ ਦਾ ਸਬੰਧ ਮਾਨਵ ਦੇ ਅੰਤਰੀਵੀਂ ਚਲਦੇ ਜਗਤ ਨਾਲ ਹੈ, ਜਿਸ ਸਾਹਮਣੇ ਬਾਹਰੀ ਜਗਤ ਦੀਆਂ ਕਿਰਿਆਵਾਂ ਫ਼ਜ਼ੂਲ ਹਨ ਕਿਉਂਕਿ ਇਨਸਾਨੀ ਰਿਸ਼ਤਿਆਂ ਦੀ ਪਰਪੱਕਤਾ ਵਿਚ ਖ਼ਾਸ ਕਰ ਇਸਤਰੀ-ਮਰਦ ਦੇ ਗ੍ਰਹਿਸਤੀ ਸਬੰਧਾਂ ਵਿਚੋਂ ਮਾਨਸਿਕ ਤੇ ਅਹਿਸਾਸਮਈ ਸਰੋਕਾਰ ਵਾਜਿਬ ਭੂਮਿਕਾ ਨਿਭਾਉਂਦੇ ਹਨ। ਇਸੇ ਕਰਕੇ ਕਈ ਵਾਰ ਮਾਨਵ ਦੀ ਅੰਦਰੂਨੀ ਟੁਟ-ਭੱਜ ਪਦਾਰਥਕ ਵਸੀਲਿਆਂ ਦੀ ਤੁੱਛਤਾ ਨੂੰ ਸਿੱਧ ਕਰਨ ਵਿਚ ਕਾਰਗਰ ਸੰਦ ਵਜੋਂ ਸਹਾਈ ਹੁੰਦੀ ਹੈ। ਜਜ਼ਬਿਆਂ ਦੀ ਨਿਰਮਾਣਕਾਰੀ ਨੂੰ ਦਿਸ਼ਾਹੀਣਤਾ ਪ੍ਰਦਾਨ ਕਰਨ ਵਾਲੇ ਅਦਿਖ ਤੱਤ ਆਰਥਿਕਤਾ ਦੀ ਅਲਪਤਾ ਤਹਿ ਕਰਦੇ ਹਨ। *ਸਲਤਨਤ* ਨਾਵਲ ਵਿਚ ਜਗਜੀਤ, ਪੁਸ਼ਪਿੰਦਰ ਦੀ ਹਾਲਤ ਦਾ ਅਚੇਤ ਅਹਿਸਾਸ ਕਰ ਲੈਂਦਾ ਹੈ। ਭਾਵੇਂ ਉਹਨੂੰ ਪੁਸ਼ਪਿੰਦਰ ਦੀ ਮਾਨਸਿਕ ਹਾਲਤ ਦਾ ਸਹੀ ਅੰਦਾਜ਼ਾ ਨਹੀਂ ਹੁੰਦਾ ਪਰ ਉਹ ਆਪਣੇ ਅਹਿਸਾਸ ਦੇ ਰਿਸ਼ਤੇ ਨੂੰ ਕਾਇਮ ਰੱਖਣ ਲਈ ਪੈਸੇ ਨੂੰ ਤਰਜ਼ੀਹ ਨਾ ਦਿੰਦਾ ਹੋਇਆ ਆਪਣੀ ਸਮਾਜਿਕ ਜ਼ਿੰਦਗੀ ਵਿਚ ਵਿਚਰਨ ਲਈ ਆਰਥਿਕਤਾ ਦਾ ਤਬਜ਼ੁਨ ਸਥਾਪਿਤ ਕਰਦਾ ਹੋਇਆ ਕਹਿੰਦਾ ਹੈ :

*"ਤੈਨੂੰ ਪਤਾ ਹੀ ਆ ਕਿ ਬੱਚੇ ਨੂੰ ਬੇਬੀ–ਸਿੱਟਰ ਦੀ ਨਹੀਂ, ਮਾਂ ਦੀ ਜ਼ਰੂਰਤ ਹੁੰਦੀ ਆ। ਨਾਲੇ ਸਾਨੂੰ ਕਿਹੜੀ ਪੈਸਿਆਂ ਦੀ ਐਨੀ ਟੋਟ ਆ ਕਿ ਤੇਰਾ ਕੰਮ 'ਤੇ ਜਾਣਾ ਜ਼ਰੂਰੀ ਹੋਵੇ। ਬੜਾ ਸੋਹਣਾ ਮੇਰੀ ਤਨਖਾਹ ਨਾਲ ਸਰੀ ਜਾਣਾ। ਅਜਿਹੀ ਹਾਲਤ ਵਿਚ ਤੈਨੂੰ ਮਾਨਸਿਕ ਤਣਾਅ ਹੰਢਾਉਣ ਦੀ ਕੋਈ ਜ਼ਰੂਰਤ ਨਹੀਂ, ਮਾਈ ਸਵੀਟੀ।"*[2]

ਔਰਤ-ਮਰਦ ਦੇ ਰਿਸ਼ਤਿਆਂ ਵਿਚ ਜਿਸਮਾਨੀ ਅਤੇ ਆਰਥਿਕ ਉਪਜੀਵਕਾ ਤੋਂ ਇਲਾਵਾ ਅਹਿਸਾਸਮਈ ਭਾਵਾਂ ਨੂੰ ਵਿਅਕਤ ਕਰਕੇ ਨਾਵਲਕਾਰ ਨੇ ਮਨੁੱਖੀ ਜ਼ਿੰਦਗੀ ਦੇ ਅਹਿਮ ਪਹਿਲੂ ਵੱਲ ਇਸ਼ਾਰਾ ਕੀਤਾ ਹੈ। ਭਾਰਤੀ ਸਮਾਜ ਵਿਚ ਔਰਤ ਮਰਦ ਦੇ ਸਬੰਧਾਂ ਵਿਚ ਸੱਤ ਜਨਮਾਂ ਦਾ ਸਾਥ ਨਿਭਾਉਣ ਦੀ ਕਥਾ ਪ੍ਰਚਲਿਤ ਹੈ, ਜੋ ਸਮਾਜ ਵਿਚ ਗ੍ਰਹਿਸਥ ਦੀ ਮਾਨਤਾ ਦੀ ਗਵਾਹੀ ਹੈ। ਅਜਿਹੀਆਂ ਧਾਰਨਾਵਾਂ ਸਿੱਧ ਕਰਦੀਆਂ ਹਨ ਕਿ ਪਰਵਾਸੀ ਪੰਜਾਬੀ ਮਾਨਵ ਵਿਚੋਂ ਆਪਣੀਆਂ ਮੂਲ ਸਮਾਜਿਕ ਸਭਿਆਚਾਰ ਰਵਾਇਤਾਂ ਕਦੀ ਨਹੀਂ ਮਨਫ਼ੀ ਹੋ ਸਕਦੀਆਂ ਸਗੋਂ ਉਸਦੀਆਂ ਮਹੀਨ ਤੰਦਾਂ ਉਸਦੀ ਹਰ ਇੱਕ ਅਦਾ ਵਿਚ ਵਿਦਮਾਨ ਹਨ ਜੋ ਉਸਦੀ ਵਿਦੇਸ਼ਾਂ ਵਿਚ ਵਿਚਰਦੇ ਹੋਏ ਵੀ ਉਸਦੀ ਅੱਡਰੀ ਸ਼ਖ਼ਸੀਅਤ ਦੀ ਨਿਰਮਾਣਕਾਰੀ ਕਰਦੀਆਂ ਹਨ।

## ਪੂੰਜੀਵਾਦੀ ਸੋਚ ਅਤੇ ਮਨੁੱਖੀ ਮਨੋਬਿਰਤੀ

ਪੂੰਜੀਵਾਦੀ ਸੋਚ ਦਾ ਮਨੁੱਖ ਦੀ ਅਚੇਤ ਜ਼ਿੰਦਗੀ 'ਤੇ ਦਬਦਬਾ ਵਧ ਰਿਹਾ ਹੈ, ਜਿਸ ਤੋਂ ਉਹ ਗ਼ਾਫ਼ਿਲ ਹੈ ਲੇਕਿਨ ਜਦੋਂ ਉਹ ਦੀ ਸੋਚ ਅਜਿਹੇ ਸੰਕਟ ਵਿਚੋਂ ਗੁਜ਼ਰਦੀ ਹੈ, ਜਿਹੜੀ ਦਵੰਦ ਸਿਰਜਦੀ ਹੈ ਤਾਂ ਸਹਿਜੇ ਹੀ ਉਸਦੀ ਮਨੋਬਿਰਤੀ ਵਿਚੋਂ ਅਜਿਹੇ ਬਿਰਤਾਂਤ ਉਤਪੰਨ ਹੁੰਦੇ ਹਨ। ਉਹਨਾਂ ਬਾਰੇ ਵਿਚਾਰ ਕਰਦਾ ਉਹ ਖੁਦ-ਬ-ਖੁਦ ਹੈਰਾਨ ਹੋ ਜਾਂਦਾ ਹੈ ਤੇ ਆਪਣੀ ਮਾਨਸਿਕ ਬਣਤਰ ਦੇ ਪਰਿਪੇਖ ਵਿਚ ਪਸਰੇ ਇਹਨਾਂ ਕਾਰਨਾਂ ਬਾਰੇ ਜਾਣਨ ਲਈ ਯਤਨਸ਼ੀਲ ਵੀ ਹੁੰਦਾ ਹੈ ਜਿਹੜੇ ਉਸਨੂੰ ਘੋਰ ਦਵੰਦ ਵਿਚ ਪਾ ਦਿੰਦੇ ਹਨ। ਉਸਦੀ ਸੋਚ ਦੀਆਂ ਗਹਿਰੀਆਂ ਤੇ ਅਨੰਤ ਅਛੋਪਲੀਆਂ ਪਰਤਾਂ ਨਿਰੰਤਰ ਉਸ ਵਿਚ ਮੈਂ ਤੇ ਮੈਂ ਦਾ ਸਬੰਧ ਸਥਾਪਿਤ ਕਰਦੀਆਂ ਉਸਦੇ ਆਪੇ ਵਿਚਲੀ ਵਿਥ ਬਿਆਨ ਕਰਦੀਆਂ ਹਨ। *ਸਲਤਨਤ* ਦੀ ਪਾਤਰ ਪੁਸ਼ੀ ਅਜਿਹੇ ਮਾਨਸਿਕ ਦਵੰਦ ਵਿਚ ਜਕੜੀ ਹੋਈ ਆਪਣੇ ਵਿਚ ਪਈਆਂ ਅਣਛੋਈਆਂ ਤੇ ਅਛੋਪਲੀਆਂ ਭਾਵਨਾਵਾਂ ਨੂੰ ਸਵੈ-ਬਿਰਤਾਂਤ ਜ਼ਰੀਏ ਉਜਾਗਰ ਕਰਨ ਵਿਚ ਯਤਨਸ਼ੀਲ ਰਹਿੰਦੀ ਹੈ :

*"ਪੁਸ਼ਪਿੰਦਰ ਨੂੰ ਆਪਣੇ ਵਿਚਲੀ ਪੁਸ਼ਪਿੰਦਰ ਦੀ ਇਹ ਗੱਲ ਵਜ਼ਨਦਾਰ ਜਾਪੀ। ਉਹ ਆਪਣੀ ਇਸ ਸੋਚ 'ਤੇ ਖ਼ੁਸ਼ ਹੋ ਹੀ ਰਹੀ ਸੀ ਕਿ ਉਹਦੀ ਇਸ ਸੋਚ ਹੇਠੋਂ ਇਕ ਹੋਰ ਸੋਚ ਅੰਗੜਾਈ ਲੈ ਕੇ ਨਿਕਲ ਆਈ ਜਾਪੀ? ਉਹ ਬੋਲੀ, 'ਜੇ ਇਹ ਤੈਨੂੰ ਇੰਨਾ ਹੀ ਚਾਹੁੰਦਾ ਏ ਤਾਂ ਜਗਜੀਤ ਨੂੰ ਛੱਡ ਕੇ ਇਹਦੇ ਘਰ ਕਿਉਂ ਨਹੀਂ ਆ ਜਾਂਦੀ? ਕੀ ਪਿਆ ਏ ਉਹਦੇ ਤੇ ਉਹਦੇ ਉਸ ਖੁੱਡੇ ਜਿਹੇ ਵਰਗੇ ਘਰ 'ਚ ਜਿਸ ਵਿਚ ਐਸ ਵੇਲੇ ਤੂੰ ਰਹਿ ਰਹੀ ਏਂ? ਇਹਦੇ ਮਹਾਰਾਜਿਆਂ ਵਰਗੇ ਮਹਿਲ 'ਚ ਰਹਿ ਤੇ ਐਸ਼ ਕਰ। ਦੁਨੀਆਂ ਭਰ ਦੇ ਮਾਨ-ਸਨਮਾਨ ਤੇ ਇੱਜ਼ਤ ਨਾਲ ਆਪਣੀ ਸੱਖਣੀ ਝੋਲੀ ਨੂੰ ਮਾਲੋਮਾਲ ਕਰ। ਇਹ ਜ਼ਿੰਦਗੀ ਕਿਹੜਾ ਵਾਰ ਵਾਰ ਮਿਲਣੀ ਏ।"*[3]

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੂੰਜੀਵਾਦੀ ਸੰਸਾਰ ਨੇ ਮਨੁੱਖ ਦੀ ਸੋਚ ਦੇ ਵੱਡੇ ਹਿੱਸੇ 'ਤੇ ਆਪਣਾ ਦਬਦਬਾ ਬਣਾ ਲਿਆ ਹੈ ਤੇ ਆਰਥਿਕਤਾ ਨੇ ਮਨੁੱਖ ਦੀ ਰਹਿਣੀ-ਬਹਿਣੀ, ਉਠਣੀ-ਬੈਠਣੀ, ਖਾਣ-ਪੀਣ, ਇਥੋਂ ਤੱਕ ਕਿ ਨਿੱਤ ਦੇ ਪਲ-ਪਲ ਦੇ ਬਦਲਦੇ ਵਿਵਹਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਮੁੱਦਤ ਤੋਂ ਹੀ ਇਨਸਾਨੀ ਫਿਤਰਤ ਸੁਖ ਸਹੂਲਤਾਂ ਨੂੰ ਮਾਣਨ ਦੀ ਆਦੀ ਰਹੀ ਹੈ ਲੇਕਿਨ ਇਹ ਭਾਵ ਪੂੰਜੀਵਾਦੀ ਦੌਰ ਵਿਚ ਬੜੀ ਤੀਬਰਤਾ ਨਾਲ ਪ੍ਰਚੰਡ ਹੋ ਕੇ ਮਨੁੱਖੀ ਚੇਤਨਾ ਨੂੰ ਮੱਲ ਕੇ ਬੈਠ ਗਏ ਹਨ। ਇਨਸਾਨ ਹਰ ਪਲ ਇਸ ਵਿਚ ਡੂੰਘਾ ਧਸਿਆ ਜਾਂਦਾ ਹੈ। ਪੱਛਮੀ ਦੇਸ਼ਾਂ ਵਿਚ ਤਾਂ ਇਸ ਦਾ ਸਿਖ਼ਰ ਹੋ ਚੁੱਕਾ ਹੈ। ਜਿਸ ਦੀ ਵਜ੍ਹਾ ਕਰਕੇ ਮਨੁੱਖੀ ਰਿਸ਼ਤਿਆਂ, ਸਬੰਧਾਂ ਅਤੇ ਵਿਵਹਾਰ ਵਿਚ ਗੌਲਣਯੋਗ ਤਬਦੀਲੀ ਵਾਪਰੀ ਹੈ, ਜਿਸ ਕਰਕੇ ਮਨੁੱਖੀ ਸੱਭਿਅਤਾ ਵਿਚ ਅਜੀਬੋ-ਗਰੀਬ ਕਾਰਨਾਮੇ ਹੋਏ ਹਨ। ਗ੍ਰਹਿਸਤੀ ਜੀਵਨ ਵਿਚ ਦਵੰਦ ਅਤੇ ਇਸਦਾ ਵਿਭੰਜਨ ਖ਼ਾਸ ਕਰ ਪੱਛਮੀ ਦੇਸ਼ਾਂ ਵਿਚ ਆਮ ਵਰਤਾਰਾ ਰਿਹਾ ਹੈ। ਸਰਮਾਏਦਾਰੀ ਸਿਸਟਮ ਨੇ ਮਨੁੱਖ ਨੂੰ ਨਿੱਜ ਕੇਂਦਰਤ ਕਰਕੇ ਹਰ ਪੱਖ ਤੋਂ ਮੁਨਾਫ਼ੇ ਅਤੇ ਸੁਆਰਥ ਨਾਲ ਜੋੜ ਦਿੱਤਾ ਹੈ। ਨਾਵਲੀ ਪਾਤਰ ਪੁਸ਼ੀ ਇਹੋ ਸੁਆਰਥ ਲਈ ਹੈਨਰੀ ਨੂੰ ਵਰਤਣਾ ਚਾਹੁੰਦੀ ਹੈ :

> *"ਜੇ ਹੈਨਰੀ ਨੇ ਆਪਣਾ ਮਤਲਬ ਕੱਢ ਕੇ ਮੈਨੂੰ ਘਰੋਂ ਧੱਕਾ ਦੇ ਦਿੱਤਾ ਤਾਂ ਮੈਂ ਕਿਥੇ ਜਾਵਾਂਗੀ? ਉਹਨੂੰ ਤਦ ਤੱਕ ਨੇੜੇ ਨਾ ਢੁੱਕਣ ਦਈਂ ਜਦ ਤੱਕ ਤੇਰੇ ਨਾਲ ਵਿਆਹ ਨਹੀਂ ਕਰ ਲੈਂਦਾ ਵਿਆਹ ਮਗਰੋਂ ਜੇ ਉਹ ਤੈਨੂੰ ਛੱਡੂ ਤਾਂ ਛੱਡ ਦੇਵੇ, ਉਸ ਹਾਲਤ ਵਿਚ ਤੂੰ ਉਸਦੀ ਕਿੰਗਡਮ ਦੇ ਅੱਧ ਦੀ ਮਾਲਕਣ ਤਾਂ ਬਣ ਹੀ ਜਾਵੇਂਗੀ। ਹੋਰ ਤੈਨੂੰ ਬਰਤਾਨੀਆਂ ਦੀ ਕਿੰਗਡਮ ਚਾਹੀਦੀ ਆ?"*[4]

ਪੂੰਜੀਵਾਦੀ ਦੌਰ ਨੇ ਜਿਹੜੀ ਚਕਾਚੌਂਧ ਇਨਸਾਨ ਦੇ ਅੱਗੇ ਪਰੋਸੀ ਹੈ, ਉਸਨੇ ਇਸ ਦੀ ਬੁੱਧੀ ਨੂੰ ਗੁਲਾਮ ਬਣਾ ਰੱਖਿਆ ਹੈ। ਉਚੇ ਪੱਧਰ ਦੀ ਜੀਵਨ ਸ਼ੈਲੀ ਦੇ ਲਾਲਚ ਨੇ ਮਨੁੱਖ ਦੀਆਂ ਮਾਸੂਮ ਸੱਧਰਾਂ ਨੂੰ ਤਬਾਹ ਕੀਤਾ ਹੈ ਤੇ ਉਸਦੀ ਥਾਵੇਂ ਉਸ ਵਿਚ ਨੀਰਸਤਾ, ਆਲਸ, ਬੇਰੁੱਖਾਪਣ ਭਰ ਕੇ ਉਸ ਨੂੰ ਅਜੀਬ ਤਰ੍ਹਾਂ ਦੇ ਲਾਲਚ ਵਿਚ ਫਸਾ ਕੇ ਉਸ ਦੇ ਜ਼ਹਿਨ ਦੇ ਕੋਰੇ ਤੇ ਸਿਰਜਕ ਹਿੱਸੇ ਵਿਚ ਖਲਾਅ ਪੈਦਾ ਕੀਤਾ ਹੈ। ਇਸ ਨਾਲ ਇਨਸਾਨੀ ਸੱਭਿਅਤਾ ਵਿਚ ਵਿਸ਼ਾਦ ਉਪਜਿਆ ਹੈ। ਪੁਸ਼ਪਿੰਦਰ ਹੈਨਰੀ ਦੇ ਆਪਣੇ ਪੁੱਤਰ ਰਾਜਵਿੰਦਰ ਨਾਲ ਨਫ਼ਰਤ ਭਰੇ ਵਤੀਰੇ ਤੋਂ ਤੰਗ ਹੈ। ਉਹ ਉਸ ਨੂੰ ਛੱਡ ਕੇ ਜਾਣ ਦਾ ਵਾਰ-ਵਾਰ ਫੈਸਲਾ ਕਰਦੀ ਹੈ ਪਰੰਤੂ ਉਸ ਦੇ ਪੈਸੇ ਦੀ ਚਮਕ-ਦਮਕ, ਐਸ਼ੋ-ਆਰਾਮ ਉਸ ਨੂੰ ਜਾਣ ਤੋਂ ਰੋਕੀ ਰੱਖਦਾ ਹੈ। ਨਿਰੋਲ ਇਸ਼ਕ ਵਿਚ ਵਿਭੋਰ ਆਤਮਾ ਤਾਂ ਪੱਛਮੀ ਮੁਲਕਾਂ ਵਿਚ ਕਲਪੀ ਹੀ ਨਹੀਂ ਜਾ ਸਕਦੀ ਹੈ। 'ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ' ਵਾਰਸ ਦਾ ਇਹ ਮਿਸਰਾ ਤਾਂ ਉਹਨਾ ਲਈ ਕਾਲਾ ਅੱਖਰ ਭੈਂਸ ਬਰਾਬਰ ਹੈ। ਅਜਿਹੇ ਵਿਚ ਪੱਛਮੀ ਮੁਲਕਾਂ ਵਿਚ ਵਸਿਆ ਪੰਜਾਬੀ ਭਲਾ ਕਿਥੇ ਉਥੋਂ ਦੀ ਹਵਸੀ ਸਭਿਅਤਾ ਤੋਂ ਨਿਰਲੇਪ ਰਹਿ ਸਕਦਾ ਹੈ। ਜਿਹੜੇ ਸੰਸਕਾਰ ਉਨ੍ਹਾਂ ਵਿਚ ਅਚੇਤ ਪਸਰੇ ਹੋਏ ਹਨ ਉਹ ਹੀ ਪੂਰਬੀ ਸੱਭਿਅਤਾ ਦੇ ਗਵਾਹ ਬਣਦੇ ਹਨ, ਜਿਹੜੇ ਪੱਛਮ ਵਿਚ ਵਧੇ ਮਨੁੱਖ ਦਾ ਢਾਰਸ ਬਣਦੇ ਹਨ। ਨਹੀਂ ਤਾਂ ਪੱਛਮ ਨੇ ਅਨੇਕਾਂ ਮਾਨਸਿਕ ਦੁਸ਼ਵਾਰੀਆਂ ਦੇ ਨਾਲ-ਨਾਲ ਪੂਰਬੀ ਮਾਨਵ ਦੀ ਅਖੰਡ ਬਿਰਤੀ ਨੂੰ ਖੰਡਿਤ ਵੀ ਕੀਤਾ ਹੈ। ਉਸਨੂੰ ਹਰ ਵੇਲੇ ਪਦਾਰਥਿਕ ਸੱਭਿਅਤਾ ਆਪਣੇ ਕਲੇਵਰ ਵਿਚ ਸਮੇਟਦੀ ਤੇ ਆਪਣੇ ਅਨੁਸਾਰੀ ਕਰਦੀ ਨਜ਼ਰ ਆਉਂਦੀ ਹੈ। ਨਾਵਲੀ ਵੇਰਵੇ ਇਸ ਦੀ ਪੁਸ਼ਟੀ ਕਰਦੇ ਹਨ :

> *"ਕੀ ਹੋਰ-ਹੋਰ ਪ੍ਰਾਪਤ ਕਰਨ ਲਈ ਤੜਪਦੇ ਰਹਿਣਾ ਹੀ ਅਜੋਕੇ ਮਨੁੱਖ ਦੀ ਹੋਣੀ ਤਾਂ ਨਹੀਂ ਬਣ ਗਈ, ਕੀ ਬਚਪਨ ਦੇ ਸੁਫ਼ਨੇ ਹੋਰ ਹੁੰਦੇ ਜੁਆਨੀ ਦੇ ਹੋਰ ਤੇ ਔਰਤ ਬਣਨ ਪਿਛੋਂ ਹੋਰ ਹੋ ਜਾਂਦੇ ? ਉਨ੍ਹਾਂ `ਚ ਭਿੰਨਤਾ ਕਿਉਂ ਆ ਜਾਂਦੀ ਏ ਜਾਂ ਚੁਫੇਰਾ ਹੀ ਬੰਦੇ ਦੇ ਸੁਫਨਿਆਂ ਨੂੰ ਬਦਲੀ ਜਾਂਦਾ ਹੈ ਤੇ ਭੋਲੇਪਣ ਦੀ ਥਾਂ ਉਸ ਵਿਚ ਲਾਲਸਾ ਤੇ ਤੜਪਾ ਦੇ ਬੀਅ ਬੀਜਦਾ ਰਹਿੰਦਾ ਏ?"*[5]

## ਪਰਵਾਸੀ ਪੰਜਾਬੀ ਅਤੇ ਪੱਛਮੀ ਪ੍ਰਬੰਧ ਦਾ ਟਕਰਾਅ

ਅਰਥਚਾਰਾ ਮਨੁੱਖ ਲਈ ਜੀਵਨ ਲੋੜਾਂ ਪੂਰੀਆਂ ਕਰਦਾ ਹੈ। ਬਦਲੇ ਵਿਚ ਮਨੁੱਖ ਵੱਖ-ਵੱਖ ਸੈਕਟਰਾਂ ਵਿਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਭਾਰਤ ਵਿਚ ਆਮ ਤੌਰ ਤੇ ਉਪਜੀਵਕਾ ਕਮਾਉਣ ਲਈ ਸਰਕਾਰੀ ਸੈਕਟਰ ਹੀ ਸੁਰੱਖਿਅਤ ਕਾਰਗਰ ਸਿੱਧ ਹੁੰਦਾ ਹੈ ਪਰ ਪੱਛਮ ਵਿਚ ਨਿੱਜੀ ਸੈਕਟਰ ਨੇ ਮਨੁੱਖ ਲਈ ਨੌਕਰੀਆਂ ਦੀ ਬਹੁਤਾਤ ਪੈਦਾ ਕੀਤੀ ਹੈ। ਇਸ ਕਰਕੇ ਆਰਥਿਕ ਉਪਜੀਵਕਾ ਲਈ ਕਈ ਮੌਕੇ ਹਨ ਤੇ ਸਰਕਾਰੀ ਸੈਕਟਰ 'ਤੇ ਨਿਰਭਰ ਹੋਣ ਤੋਂ ਬਿਨਾ ਸਹਿਜੇ ਹੀ ਜੀਵਨ ਨਿਰਬਾਹ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਉਥੋਂ ਦੀਆਂ ਨੀਤੀਆਂ ਦੇ ਗ਼ਲਤ ਇਸਤੇਮਾਲ ਦਾ ਰੁਝਾਨ ਵੀ ਭਾਰਤੀਆਂ ਵਿਚ ਦੇਖਿਆ ਜਾ ਸਕਦਾ ਹੈ। ਪੱਛਮੀ ਸਮਾਜ ਵੱਲੋਂ

ਦਿੱਤੀਆਂ ਇਹਨਾਂ ਸਹੂਲਤਾਂ ਦੀ ਪਰਵਾਸੀ ਪੰਜਾਬੀਆਂ ਨੇ ਆਪਣੇ ਲਾਲਚ ਅਤੇ ਵਿਹਲੇ ਰਹਿਣ ਦੀ ਬਿਰਤੀ ਕਾਰਣ ਦੁਰਉਪਯੋਗ ਕੀਤਾ ਹੈ। ਨਾਵਲ ਵਿਚ ਜਗਜੀਤ ਦੀ ਪੁਸ਼ਪਿੰਦਰ ਨਾਲ ਹੋਈ ਵਾਰਤਾਲਾਪ ਤੋਂ ਉਸਦੇ ਭਰਾ ਹਰਦੇਵ ਅਤੇ ਉਸਦੀ ਪਤਨੀ ਦੁਆਰਾ ਜਾਅਲੀ ਡਿਵੋਰਸ ਲੈ ਕੇ ਸ਼ੋਸਲ ਸਿਕਿਉਰਟੀ ਡਿਪਾਰਟਮੈਂਟ ਕੋਲੋਂ ਪੈਸੇ ਬਟੋਰਨ ਬਾਰੇ ਪਤਾ ਚਲਦਾ ਹੈ :

> *"ਭਾਬੀ ਨੂੰ ਰਿਹਾਇਸ਼ੀ ਭੱਤਾ, ਚਹੁੰ ਨਿਆਣਿਆਂ ਦਾ ਪਾਲਣ ਪੋਸ਼ਣ ਦਾ ਖਰਚ ਤੇ ਹੋਰ ਅਲਾਊਂਸ ਮਿਲ ਰਹੇ ਆ। ਭਾ ਜੀ ਅਨਇੰਪਲਾਏਮੈਂਟ ਬੈਨੀਫਿਟ ਲੈ ਰਿਹਾ ਏ। ਸਾਰੇ ਟੱਬਰ ਨੂੰ ਫਰੀ ਦਵਾਈ ਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਮਿਲੀ ਜਾਂਦੀਆਂ। ਭਾ ਜੀ ਨੇ ਅਨਇੰਪਲਾਈ ਹੋਣ ਕਰਕੇ ਸ਼ਹਿਰ ਦੀ ਕਾਊਂਸਿਲ ਕੋਲੋਂ ਫਲੈਟ ਲਿਆ ਹੋਇਆ ਏ ਜਿਹਦਾ ਕਿਰਾਇਆ ਸੋਸ਼ਲ ਸਿਕਿਊਰਟੀ ਡਿਪਾਰਟਮੈਂਟ ਦੇ ਰਿਹਾ ਏ ਤੇ ਆਪ ਉਹ ਕਿਸੇ ਜਾਣਕਾਰ ਦੇ ਪ੍ਰਾਈਵੇਟ ਕੰਮ ਕਰੀ ਜਾਂਦਾ। ਉਹ ਕਦੇ-ਕਦੇ ਸੁਬ੍ਹਾ ਸ਼ਾਮ ਫਲੈਟ ਚ ਗੇੜਾ ਮਾਰ ਜਾਂਦਾ। ਸ਼ਾਇਦ ਕਦੇ-ਕਦੇ ਫਲੈਟ ਚ ਰਾਤ ਵੀ ਰਹਿ ਪੈਂਦਾ ਏ ਤਾਂ ਕਿ ਕੋਈ ਆਂਢੀ ਗੁਆਂਢੀ ਸੋਸ਼ਲ ਸਿਕਿਊਰਟੀ ਵਿਭਾਗ ਨੂੰ ਸ਼ਿਕਾਇਤ ਨਾ ਕਰ ਦੇਵੇ ਕਿ ਫਲੈਟ ਚੋਂ ਕੋਈ ਨਹੀਂ ਰਹਿੰਦਾ।"*[6]

## ਪੂੰਜੀ ਦਾ ਆਤੰਕ ਅਤੇ ਮਾਨਵੀ ਰਿਸ਼ਤਿਆਂ ਦੀ ਲਾਚਾਰੀ

ਮਜ਼ਬੂਤ ਆਰਥਿਕ ਪ੍ਰਸਥਿਤੀਆਂ ਨੇ ਆਖ਼ਰਕਾਰ ਚਕਾਚੌਂਧ ਵਾਲੀ ਦੁਨੀਆ ਵੱਲ ਮਨੁੱਖੀ ਚੇਤਨਾ ਦਾ ਰੁਖ ਕੀਤਾ ਹੈ, ਜਿਸ ਵਿਚ ਸਿਰਫ਼ ਪੈਸੇ ਦੀ ਹੋੜ ਹੈ ਜੋ ਪਦਾਰਥਕ ਸਹੂਲਤਾਂ ਨੂੰ ਪੂਰਾ ਕਰਨ ਦੇ ਸਮਰੱਥ ਹੈ। *"ਪੂੰਜੀਵਾਦੀ ਮੰਡੀ ਦੀਆਂ ਕੀਮਤਾਂ ਸਮਾਜਿਕ ਕੀਮਤਾਂ 'ਤੇ ਹਾਵੀ ਹੋ ਜਾਂਦੀਆਂ ਹਨ। ਸਮਾਜਿਕ ਰਿਸ਼ਤੇ ਪੈਸੇ ਤੇ ਪਦਾਰਥ ਦੁਆਰਾ ਵਿਚੋਲਤ ਹੁੰਦੇ ਹਨ। ਅਜਿਹੇ ਖ਼ੁਦਗਰਜ਼ੀ ਭਰੇ ਸਬੰਧ ਮਾਨਵੀ ਸਰੋਕਾਰਾਂ ਤੋਂ ਕੋਹਾਂ ਦੂਰ ਹੋ ਜਾਂਦੇ ਹਨ। ਮੰਡੀ ਦਾ ਅਮਲ ਖਰੀਦੋ-ਫਰੋਖ਼ਤ ਦਰਅਸਲ ਹੈ। ਇਸ ਅਮਲ ਵਿਚ ਮਾਨਵੀ ਸੰਵੇਦਨਾ ਦੀ ਸੁਰ ਮੂਲੋਂ ਹੀ ਗਾਇਬ ਹੋ ਜਾਂਦੀ ਹੈ। ਅਸਲ ਮਕਸਦ ਬਚਦਾ ਹੈ, ਪੈਸਾ।"*[7] ਇਸ ਵਿਚ ਸਹਿਜੇ ਹੀ ਰਿਸ਼ਤਿਆਂ ਨੂੰ ਨਿਗੂਣਤਾ ਹਾਸਿਲ ਹੋ ਜਾਂਦੀ ਹੈ, ਜਿਸ ਉਪਰ ਮਾਨਵੀ ਸਮਾਜਿਕਤਾ ਦਾ ਆਧਾਰ ਹੈ। ਨਾਵਲਕਾਰ ਨੇ ਜਗਜੀਤ ਪਾਤਰ ਦੁਆਰਾ ਪੱਛਮੀ ਪ੍ਰਬੰਧ ਅਤੇ ਸਰਮਾਏਦਾਰੀ ਸਿਸਟਮ ਅਧੀਨ ਮਨੁੱਖ ਦੀ ਚੇਤਨਾ ਨੂੰ ਗੁਲਾਮ ਕਰਕੇ ਉਸ ਗਲੈਮਰ ਅਧੀਨ ਹੁੰਦਾ ਦਰਸਾਇਆ ਹੈ :

> *"ਜਿਸ ਪ੍ਰਬੰਧ ਚ ਅਸੀਂ ਐਸ ਵੇਲੇ ਰਹਿ ਰਹੇ ਹਾਂ ਉਹਦੇ ਚੋ ਬੰਦੇ ਨੂੰ ਭਰਮਾਉਣ ਲਈ ਸਰਮਾਏਦਾਰਾਂ ਨੇ ਮੀਡੀਏ ਰਾਹੀਂ ਐਨੀ ਝਿਲਮਿਲਾਹਟ, ਐਨੀ ਚਮਕ-ਦਮਕ ਪੈਦਾ ਕਰਵਾ ਦਿਤੀ ਹੈ ਜਾਂ ਫਰੇਬ ਦਾ ਅਜਿਹਾ ਜਾਲ ਵਿਛਾ ਦਿੱਤਾ ਗਿਆ ਏ ਜਾਂ ਫਿਰ ਇਸ ਗੱਲ ਨੂੰ ਏਦਾਂ ਕਹਿ ਲੈ ਕਿ ਐਨੀ ਝੂਠੀ ਲਿਸ਼ਕਵੀਂ ਗਲੈਮਰ ਪੈਦਾ ਕਰਵਾ ਦਿੱਤੀ ਆ ਕਿ ਕਹਿੰਦਾ ਕਹਾਉਂਦਾ ਬੰਦਾ ਵੀ ਫਿਸਲ ਸਕਦਾ ਏ ਉਹ ਰਤਾ ਕੁ ਵੀ ਬੇਧਿਆਨਾ ਹੋਇਆ ਨਹੀਂ ਕਿ ਧੜੰਮ ਕਰਕੇ ਮੂੰਹ-ਭਾਰ ਡਿਗਿਆ ਨਹੀਂ ਐਨੀ ਵੱਡੀ ਗਿਣਤੀ ਚੋ ਘਰਾਂ ਦੇ ਟੁੱਟਣ ਦਾ ਮੇਰੀ ਨਜ਼ਰ ਚ ਇਹੀ ਵੱਡਾ ਕਾਰਨ ਏ। ਪਰ ਸਰਮਾਏਦਾਰਾਂ ਦੀ ਚੁਸਤੀ ਵੇਖਣ ਵਾਲੀ ਆ ਉਹ ਕਰ ਵੀ ਸਭ ਕੁਝ ਰਹੇ ਨੇ ਪਰ ਸਧਾਰਨ ਬੰਦੇ ਨੂੰ ਪਤਾ ਵੀ ਨਹੀਂ ਲੱਗਣ ਦਿੰਦੇ।"*[8]

ਭਾਰਤੀ ਅਰਥਚਾਰਾ ਇਥੋਂ ਦੇ ਸਮਾਜਿਕ ਢਾਂਚੇ ਨੂੰ ਬੁਨਿਆਦੀ ਸਹੂਲਤਾਂ ਲੈਣ ਤੋਂ ਵੰਚਿਤ ਰਿਹਾ ਹੈ। ਇਸੇ ਕਰਕੇ ਚਕਾਚੌਂਧ ਦੀ ਦੁਨੀਆ ਵਾਲੀ ਗੱਲ ਇਸਦੇ ਲੋਕਾਂ ਤੇ ਖ਼ਰੀ ਨਹੀਂ ਉਤਰਦੀ ਸਗੋਂ ਇਥੇ ਤਾਂ ਮੁਢਲੀਆਂ ਲੋੜਾਂ ਹੀ ਮਨੁੱਖ ਲਈ ਸਮੱਸਿਆਵਾਂ ਬਣੀਆਂ ਰਹਿੰਦੀਆਂ ਹਨ। ਰੋਟੀ, ਕੱਪੜਾ ਅਤੇ ਮਕਾਨ ਵਰਗੀਆਂ ਆਮ ਸਹੂਲਤਾਂ ਤੋਂ ਦੇਸ਼ ਦੀ ਬਹੁਤ ਜਨਤਾ ਹਾਲੇ ਤੱਕ ਵੀ ਵਾਂਝੀ ਹੈ ਪਰ ਪੱਛਮ ਨੇ ਇਸ ਮੁਢਲੀ ਸਮੱਸਿਆ ਤੇ ਕਾਬੂ ਪਾ ਲਿਆ ਹੈ। ਉਪਜੀਵਕਾ ਲਈ ਨੌਕਰੀਆਂ ਦੀ ਬਹੁਤਾਤ ਨੇ ਵਰਕ ਕਲਚਰ ਨੂੰ ਜਨਮ ਦਿੱਤਾ, ਜਿਸ ਕਰਕੇ ਰੋਜਾਨਾ ਨਿਰਬਾਹ ਵਿਚ ਕੋਈ ਮੁਸ਼ਕਲ ਪੇਸ਼ ਨਹੀ ਆਈ ਬਲਕਿ ਬੇਕਾਰੀ ਭੱਤਾ, ਤਲਾਕ ਵਰਗੀਆਂ ਅਲਾਮਤਾਂ ਨੂੰ ਪੱਛਮ ਨੇ ਹੀਣ ਭਾਵਨਾ ਵਜੋਂ ਲੈਣ ਦੀ ਬਜਾਇ ਇਹਦੇ ਸਾਰਥਿਕ ਹੱਲ ਜੁਟਾਏ ਹਨ। ਪੱਛਮੀ ਸਮਾਜ ਜਿਹੜਾ ਔਰਤ ਦੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਜ਼ਿਆਦਾ ਸੰਵੇਦਨ ਅਤੇ ਵਿਹਾਰਕ ਰਿਹਾ ਹੈ ਅਤੇ ਜਿੱਥੇ ਪੁਲਿਸ ਕਾਨੂੰਨ ਤੇ ਸਮਾਜਿਕ ਸੁਰੱਖਿਆ ਅਤੇ ਨਾਰੀ ਸੰਗਠਨ ਬਹੁਤ ਜ਼ਿਆਦਾ ਸੰਕ੍ਰਿਯ ਅਤੇ ਮਜ਼ਬੂਤ ਹਨ। ਉਹਨਾਂ ਨੇ ਪੰਜਾਬੀ ਬੰਦੇ ਨੂੰ ਵੀ ਮਜ਼ਬੂਰ ਕੀਤਾ ਹੈ ਕਿ ਉਹ ਔਰਤ ਪ੍ਰਤਿ ਆਪਣੇ ਪ੍ਰਤੀਮਾਨਾਂ ਨੂੰ ਵੀ ਨਵਾਂ ਰੂਪ ਦੇਵੇ। ਇੱਕ ਪੱਧਰ 'ਤੇ ਤਲਾਕ ਦੀ ਵੱਧ ਰਹੀ ਦਰ ਨੇ ਪੱਛਮੀ ਨੀਤੀਆਂ ਪ੍ਰਤਿ ਪੁਨਰ ਵਿਚਾਰ ਦਾ ਸੰਕੇਤ ਦਿੱਤਾ ਹੈ ਪਰ ਇਸ ਅਜੀਬੋ-ਗਰੀਬ ਕਾਨੂੰਨਾਂ ਨੇ ਆਮ ਪਰਵਾਸੀ ਇਨਸਾਨ ਲਈ ਅਸਚਰਜਤਾ ਦਾ ਆਲਮ ਜ਼ਰੂਰ ਸਿਰਜਿਆ। ਨਾਵਲੀ ਪਾਤਰ ਪੁਸ਼ੀ

ਆਪਣੀ ਮਰਜ਼ੀ ਨਾਲ ਘਰ ਛੱਡ ਕੇ ਹੈਨਰੀ ਨਾਲ ਰਹਿੰਦੀ ਹੈ ਪਰ ਉਸ ਦੇ ਧੋਖਾ ਕਰਨ ਤੇ ਜਦੋਂ ਵਾਪਸ ਆਉਂਦੀ ਹੈ ਤਾਂ ਵੀ ਪੱਛਮੀ ਸਮਾਜ ਦਾ ਨਿਆਂ ਪ੍ਰਬੰਧ ਪੁਸ਼ਪਿੰਦਰ ਦੇ ਹੱਕ ਵਿਚ ਭੁਗਤਦਾ ਨਜ਼ਰ ਆਉਂਦਾ ਹੈ:

*"ਮਾਈ ਲਾਰਡ ਇਹ ਗੱਲ ਦਰੁਸਤ ਏ ਕਿ ਪੁਸ਼ਪਿੰਦਰ ਘਰੋਂ ਚੋਰੀ ਕਿਸੇ ਗ਼ੈਰਮਰਦ ਨਾਲ ਦੌੜਨ ਕਰਕੇ ਆਪਣਾ ਇਖਲਾਕੀ ਅਧਿਕਾਰ ਗੁਆ ਚੁਕੀ ਏ ਪਰ ਉਹ ਇੰਨੇ ਨਿੱਕੇ ਬੱਚੇ ਨਾਲ ਕਿਥੇ ਰਹੇ? ਮਾਈ ਲਾਰਡ ਅਜਿਹੀ ਹਾਲਤ ਵਿਚ ਉਹਨੂੰ ਘਰ ਦੀ ਸਖ਼ਤ ਜ਼ਰੂਰਤ ਦੇ ਇਸੇ ਕਰਕੇ ਮੇਰੀ ਬੇਨਤੀ ਏ ਕਿ ਉਹਦੀ ਸਥਿਤੀ ਨੂੰ ਧਿਆਨ 'ਚ ਰੱਖਦਿਆਂ ਮਿਸਟਰ ਸੰਧੂ ਵਾਲਾ ਘਰ ਮੇਰੇ ਕਲਾਈਂਟ ਨੂੰ ਦਿੱਤਾ ਜਾਣਾ ਚਾਹੀਦਾ ਏ।"*[9]

ਪੂੰਜੀਵਾਦ ਦੌਰ ਵਿਚ ਉਤਪੰਨ ਹੋਏ ਅਰਥਚਾਰੇ ਨੇ ਮਨੁੱਖ ਦੀ ਦਵੰਦਵਾਦੀ ਮਾਨਸਿਕ ਬਣਤਰ ਦੀ ਸਿਰਜਣਾ ਕੀਤੀ ਹੈ ਜਿਸਨੇ ਉਸਦੀਆਂ ਲਾਲਸਾਵਾਂ ਵਿਚ ਢੇਰ ਵਾਧਾ ਕੀਤਾ ਹੈ। ਉਸਦੀਆਂ ਅਮੁੱਕ ਚਾਹਤਾਂ ਵਿਚੋਂ ਨੀਰਸ ਕਿਸਮ ਦੇ ਸੰਸਕਾਰਾਂ ਨੇ ਜਨਮ ਲਿਆ, ਜਿਹੜੇ ਉਸ ਵਿਚ ਸੰਚਿਤ ਸੰਸਕਾਰਾਂ ਨਾਲ ਟਕਰਾ ਕੇ ਉਸਦੀ ਮਾਨਸਿਕ ਦੁਬਿਧਾ ਵਿਚ ਵਾਧਾ ਕਰਦੇ ਹਨ। ਅਜਿਹੀਆਂ ਅਮੋੜ ਚਾਹਤਾਂ ਦੀ ਵਲਗਣ ਵਿਚ ਘਿਰੀ ਪੁਸ਼ਪਿੰਦਰ ਨੂੰ ਆਪਣੀ ਗੁਲਾਮੀ ਦਾ ਸਹਿਜ ਭਾਵੀ ਬੋਧ ਹੈ ਲੇਕਿਨ ਉਹ ਇਸ ਚਕਾਚੌਂਧ ਵਿਚ ਹੋਰ ਗਹਿਰੀ ਧਸਦੀ ਚਲੀ ਜਾਂਦੀ ਹੈ:

*"ਪੁੱਤ ਦੀ ਅਜਿਹੀ ਹਾਲਤ ਦੇਖ ਕੇ ਇਕ ਵਾਰੀ ਪੁਸ਼ਪਿੰਦਰ ਉਠਣ ਲੱਗੀ ਤਾਂ ਹੈਨਰੀ ਨੇ ਉਹਦੀ ਬਾਂਹ ਫੜ ਕੇ ਫਿਰ ਬਿਠਾ ਲਿਆ ਜਿਵੇਂ ਇਹ ਗੱਲ ਉਹਦੇ ਅਧਿਕਾਰ ਨੂੰ ਵੰਗਾਰ ਹੋਵੇ। ਉਹ ਜਾ ਤਾਂ ਨਾ ਸਕੀ ਪਰ ਪੁੱਤ ਵਲ ਇੰਜ ਦੇਖਣ ਲਗ ਪਈ ਜਿਵੇਂ ਉਸ ਰਾਹੀਂ ਕਹਿ ਰਹੀ ਹੋਵੇ:*

*ਬੇਟਾ, ਮੈਂ ਤੇਰੇ ਦਿਲ ਦੀ ਸਮਝ ਰਹੀ ਹਾਂ ਪਰ ਮੈਂ ਕੀ ਕਰਾਂ? ਮੈਂ ਬੇਵੱਸ ਹਾਂ! ਇਹ ਸਭ ਕੁਝ ਇਹਦਾ ਦਿੱਤਾ ਹੋਇਆ ਹੀ ਆ ਜਿਹਦੇ ਨਾਲ ਆਪਾਂ ਐਸ਼ ਦੀ ਜ਼ਿੰਦਗੀ ਜੀਅ ਰਹੇ ਹਾਂ। ਇਹ ਘਰ, ਇਹ ਨਵੀਂ ਬੀ ਐਮ ਡਬਲਊ ਕਾਰ, ਇਹ ਖਾਣ ਪੀਣ ਤੇ ਹੋਰ ਜਿੰਨੀ ਵੀ ਮੈਂ ਐਸ਼ ਕਰਦੀ ਹਾਂ; ਉਹ ਸਭ ਕੁਝ ਇਹੀ ਤਾਂ ਕਰਾ ਰਿਹਾ ਹੈ! ਰਿਝਾਉਣ ਦੇ ਬਦਲੇ ਹੀ ਤਾਂ ਇਹ ਸਭ ਕੁਝ ਦੇ ਰਿਹਾ ਏ। ਹਨੀ, ਹੁਣ ਤੂੰ ਹੀ ਦੱਸ ਅਜਿਹੀ ਹਾਲਾਤ ਵਿਚ ਮੈਂ ਇਹਨੂੰ ਰਿਝਾਉਣਾ ਛੱਡ ਕੇ ਤੇਰੇ ਨਾਲ ਕਿੱਦਾਂ ਖੇਡ ਤੇ ਗੱਲਾਂ ਕਰ ਸਕਦੀ ਹਾਂ! ਇਹ ਮੇਰੀ ਮਜਬੂਰੀ ਏ। ਇਸ ਗਲ ਨੂੰ ਹੀ ਤਾਂ ਗੁਲਾਮੀ ਕਹਿੰਦੈ! ਮੈਂ ਇਹ ਸਭ ਕੁਝ ਕਰਨ ਲਈ ਬੇਵੱਸ ਹਾਂ?"*[10]

ਪੂੰਜੀਵਾਦੀ ਸਮਾਜ ਵਿਚ ਔਰਤ ਪੈਸੇ ਅਤੇ ਸ਼ੋਹਰਤ ਲਈ ਆਪਣੇ ਆਪ ਮੰਡੀ ਦੀ ਵਸਤੂ ਵਜੋਂ ਨੂੰ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਅਮੀਰੀ ਗਰੀਬੀ ਦੇ ਪਾੜੇ ਨੇ ਮਨੁੱਖ ਨੂੰ ਮਾਨਸਿਕ ਲੁੱਟ ਕਰਾਉਣ ਵਾਲਾ ਲਾਲਸੀ ਤੇ ਕਮਜ਼ੋਰ ਬਣਾਇਆ ਹੈ। ਡਾ. ਰਜਿੰਦਰਪਾਲ ਸਿੰਘ ਅਨੁਸਾਰ :

*"ਬਾਹਰੀ ਪੱਧਰ ਤੇ ਦੇਖਣ ਨੂੰ ਆਧੁਨਿਕਤਾ ਦਾ ਇਕਸਾਰ ਵਿਸ਼ਵੀਕਰਨ ਦਾ ਮਾਡਲ ਬੜਾ ਮਨੁੱਖਵਾਦੀ ਜਾਪਦਾ ਹੈ ਕਿ ਜਿਸ ਵਿਚ ਨਸਲ, ਧਰਮ, ਜਾਤ, ਜਮਾਤ, ਕੌਮ ਦੀ ਥਾਂ ਸਿਰਫ਼ ਮਨੁੱਖ ਦੀ ਮਨੁੱਖ ਵਜੋਂ ਪਹਿਚਾਣ ਹੋਵੇ। ਸਮਾਜਿਕ ਦਰਜਾਬੰਦੀ ਵਿਚ ਸਿਰਫ਼ ਮਿਹਨਤ ਅਤੇ ਪ੍ਰਤਿਭਾ ਹੀ ਮਹੱਤਵਪੂਰਨ ਹੋਣ ਅਤੇ ਸਮਾਜਿਕ ਨਿਆਂ ਕਈ ਬਰਾਬਰ ਦਾ ਕਾਨੂੰਨ ਹੋਵੇ ਪਰੰਤੂ ਅਸਲੀਅਤ ਵਿਚ ਇਹ ਮਾਨਵੀ ਵਿਲੱਖਣਤਾਵਾਂ ਨੂੰ ਖਤਮ ਕਰਕੇ ਸਭ ਪਰਵਾਸੀ ਲੋਕਾਂ ਨੂੰ ਆਪਣੇ ਸਭਿਆਚਾਰ ਅਨੁਸਾਰ ਢਾਲਣ ਦਾ ਪ੍ਰਾਜੈਕਟ ਸੀ ਜਿਸ ਵਿਚ ਮਨੁੱਖ ਦੀ ਕਦਰ ਪੈਸੇ ਅਨੁਸਾਰ ਪੈਂਦੀ ਹੈ ਅਤੇ ਇਸ ਪੈਸੇ ਦੀ ਮੰਡੀ ਦੀ ਸੰਭਾਲ ਉਨਤ ਮੁਲਕਾਂ ਦੀ ਉੱਚ-ਸ਼੍ਰੇਣੀ ਹੀ ਹੈ।"*[11]

ਸਰਮਾਏਦਾਰੀ ਨੇ ਆਪਣੀਆਂ ਆਯਾਸ਼ੀ ਪੂਰਤੀਆਂ ਲਈ ਗਰੀਬਾਂ ਲਈ ਖਿੱਚਮਈ ਲਾਲਸਾਵਾਂ ਦਾ ਜਾਲ ਵਿਛਾ ਕੇ ਆਪਣੀਆਂ ਪ੍ਰਬਲ ਕਾਮਨਾਵਾਂ ਅਤੇ ਗੁਲਾਮੀ ਪ੍ਰਥਾ ਨੂੰ ਲੁਕਵੇਂ ਰੂਪ ਵਿਚ ਚਲਦਾ ਰੱਖਿਆ ਹੈ ਜਿਸ ਦਾ ਅਹਿਸਾਸ ਵਿਚ ਜਕੜੇ ਇਨਸਾਨ ਨੂੰ ਭਲੀਭਾਂਤ ਹੁੰਦਾ ਰਹਿੰਦਾ ਹੈ। ਪੱਛਮੀ ਸਮਾਜ ਅਤੇ ਪੂਰਬੀ ਸਮਾਜ ਵਿਚਲੇ ਪ੍ਰਬੰਧ ਪਿਛੇ ਛੁਪੇ ਚਮਕ-ਦਮਕ ਦੇ ਯਥਾਰਥ ਨੂੰ ਰੂਪਮਾਨ ਕਰਦਿਆਂ ਨਾਵਲਕਾਰ ਨੇ ਇਸਨੂੰ ਸਮਾਜਿਕ ਅਰਾਜਕਤਾ ਫੈਲਾਉਣ ਵਾਲੇ ਮਾਨਵ ਵਿਰੋਧੀ ਪ੍ਰਬੰਧ ਵਜੋਂ ਚਿਤਰਿਆ ਹੈ :

*"ਇਸ ਦੁਨੀਆ 'ਚ ਗਰੀਬੀ ਅਮੀਰੀ 'ਚ ਅਜਿਹਾ ਪਾੜਾ ਹੈ ਕਿ ਗਰੀਬੀ 'ਚ ਜੰਮੇ, ਪਲੇ ਤੇ ਪਰਵਾਨ ਚੜ੍ਹੇ ਬੰਦੇ ਦੀਆਂ ਅੱਖਾਂ ਅਮੀਰੀ ਦੀ ਗਲੈਮਰੀ ਚਮਕ ਦਮਕ ਨਾਲ ਇੰਨੀਆਂ ਚੁੰਧਿਆ ਜਾਂਦੀਆਂ ਕਿ ਉਹਨੂੰ ਉਸ ਅੰਨ੍ਹੇ ਖੂਹ ਦਾ ਅਹਿਸਾਸ ਤਕ ਵੀ ਨਹੀਂ ਹੁੰਦਾ ਜਿਸ ਵਿਚ ਉਹ ਡਿਗਣ ਜਾ ਰਿਹਾ ਹੁੰਦਾ।"*[12]

ਹੈਨਰੀ ਦੀ ਮਜ਼ਬੂਤ ਆਰਥਿਕ ਸਥਿਤੀ ਸਦਕਾ ਹੀ ਪੁਸ਼ਪਿੰਦਰ ਦਾ ਉਸ ਵੱਲ ਕਦਮ ਵੱਧਦਾ ਹੈ ਪਰ ਹੈਨਰੀ ਦੇ ਸੰਗ ਨੇ ਉਸ ਨੂੰ ਇਸ ਗੱਲ ਦਾ ਸਹਿਜੇ ਹੀ ਅਹਿਸਾਸ ਕਰਾ ਦਿੱਤਾ ਸੀ ਕਿ ਜਿਹੜੀ ਕੋਠੀ ਤੇ ਕਾਰ ਉਸ ਨੂੰ ਹੈਨਰੀ ਵੱਲੋਂ ਬਖਸ਼ੇ ਗਏ ਸਨ ਉਹ ਉਸ ਦੇ ਨਾਂ ਹੁੰਦਿਆਂ ਵੀ ਉਸਦੇ ਨਹੀਂ ਹਨ, ਉਹ ਚਾਹ ਕੇ ਵੀ ਜਾਇਦਾਦ ਦੀ ਮਾਲਿਕ ਨਹੀਂ ਸੀ ਕਿਉਂਕਿ ਹੈਨਰੀ ਵਰਗਾ ਅਮੀਰ ਬੰਦਾ ਕੁਸ਼ ਵੀ ਕਰ ਸਕਦਾ ਸੀ। ਆਰਥਿਕ ਸਾਧਨਾ 'ਤੇ ਕਾਬਜ਼ ਬੰਦੇ ਦੀ ਰਾਜਨੀਤਿਕ ਪਹੁੰਚ ਅਤੇ ਉਸਦੇ ਦਾਅ-ਪੇਚਾਂ ਦੀ ਗਹਿਰਾਈ ਸਬੰਧੀ ਪੁਸ਼ੀ ਨੂੰ ਅਚੇਤ/ਸਚੇਤ ਗਿਆਨ ਸੀ, ਜਿਹੜਾ ਉਸ ਨੂੰ ਹਮੇਸ਼ਾ ਕਮਜ਼ੋਰ ਤੇ ਹੈਨਰੀ ਦੇ ਅਧੀਨ ਵਿਚਰਨ ਲਈ ਪ੍ਰੇਰਦਾ ਸੀ। ਮਜ਼ਬੂਤ ਆਰਥਿਕ ਜਮਾਤ ਸਹਿਜੇ ਹੀ ਸਿਆਸੀ ਰਸੂਖ਼ ਅਤੇ ਆਪਣੀ ਪੈਂਠ ਬਣਾ ਕੇ ਰੱਖਦੀ ਹੈ, ਜਿਸ ਦਾ ਪੱਛਮੀ ਮੁਲਕਾਂ ਤੱਕ ਬੋਲ-ਬਾਲਾ ਹੈ। ਇਸਨੇ ਪੱਛਮ ਨੂੰ ਨੀਰਸ ਰਵੱਈਆ ਤੇ ਪਦਾਰਥਕ ਮਾਨਤਾਵਾਂ ਦਾ ਹਾਮੀ ਬਣਾ ਕੇ ਉਸ ਵਿਚੋਂ ਹਵਸ ਦੀ ਚਾਹਤ ਭਰੀ ਹੈ ਜੋ ਕਿ ਮੱਧਵਰਗੀ ਇਨਸਾਨੀ ਬਿਰਤੀਆਂ ਨੂੰ ਸਹਿਜੇ ਹੀ ਗ਼ੁਲਾਮੀ ਅਤੇ ਹਵਸ ਦਾ ਸ਼ਿਕਾਰ ਬਣਾਉਂਦੀ ਹੈ ਜਿਹਨਾਂ ਵਿਚ ਘਿਰਿਆ ਇਨਸਾਨ ਨਾ ਘਰ ਦਾ ਰਹਿੰਦਾ ਹੈ ਤੇ ਨਾ ਘਾਟ ਦਾ। ਨਾਵਲਕਾਰ ਨੇ ਜਸਵੀਰ ਅਤੇ ਕਿਰਨਜੀਤ ਦੀ ਵਾਰਤਾਲਾਪ ਰਾਹੀਂ ਪੁਸ਼ੀ ਦੀ ਜਕੜੀ ਹੋਈ ਮਨੋਦਸ਼ਾ ਨੂੰ ਬਿਆਨ ਕਰਨ ਦਾ ਪ੍ਰਯਤਨ ਕੀਤਾ ਹੈ ਜੋ ਸਧਾਰਨ ਜਮਾਤ ਨੂੰ ਲਪੇਟ ਵਿਚ ਲੈਣ ਦੀ ਨਿਸ਼ਾਨਦੇਹੀ ਕਰਦੀ ਹੈ:

*"ਉਹ ਉਹਦੇ ਨਾਲੋਂ ਰਿਸ਼ਤਾ ਤੋੜਨਾ ਤਾਂ ਜ਼ਰੂਰ ਚਾਹੁੰਦੀ ਆ, ਕਿਰਨ! ਜਸਵੀਰ ਨੇ ਪਤਨੀ ਦੀ ਮਾਨਸਿਕ ਸਥਿਤੀ ਸਮਝਦਿਆਂ ਕਿਹਾ।*

*ਫੇਰ ਉਹਨੂੰ ਗੈਟ ਲਾਸਟ ਕਾਹਤੋਂ ਨਈਂ ਕਹਿੰਦੀ? ਕਿਰਨਜੀਤ ਨੂੰ ਪੁਸ਼ਪਿੰਦਰ ਦੀ ਸਮਝ ਨਹੀਂ ਸੀ ਆ ਰਹੀ।*

*ਉਹਦੇ ਵਾਸਤੇ ਉਹਨੂੰ ਇਹ ਗੱਲ ਕਹਿਣੀ ਐਨੀ ਸੌਖੀ ਨਹੀਂ, ਜਿੰਨੀ ਤੂੰ ਸਮਝ ਰਹੀ ਏਂ, ਕਿਰਨ।*

*ਕਿਉਂ, ਇਹਦੇ 'ਚ ਔਖਿਆਈ ਵਾਲੀ ਕਿਹੜੀ ਗੱਲ ਆ?" ਕਿਰਨਜੀਤ ਨੇ ਸਿੱਧਾ ਪਤੀ ਦੀਆਂ ਅੱਖਾਂ 'ਚੋਂ ਦੇਖਦਿਆਂ ਪੁਛਿਆ।*

*ਉਸ ਪੁਸ਼ੀ ਨੂੰ ਰਹਿਣ ਲਈ ਘਰ ਤੇ ਨਵੀਂ ਬੀ. ਐਮ. ਡਬਲਿਊ ਕਾਰ ਲੈ ਕੇ ਦਿਤੀ ਹੋਈ*

*ਆ, ਕਿਰਨ।*

*ਫੇਰ?*

*ਉਹ ਘਰ ਤੇ ਕਾਰ ਉਹਦੇ ਕੋਲੋਂ ਲੈ ਸਕਦਾ ਏ, ਨਹੀਂ? ਜਸਵੀਰ ਨੇ ਪਤਨੀ ਦੇ ਚਿਹਰੇ ਵੱਲ ਦੇਖਦਿਆਂ ਪੁਛਿਆ।*

*ਕੀ ਉਹ ਭੈਣ ਜੀ ਦੇ ਨਾਂ ਨਈਂ? ਕਿਰਨਜੀਤ ਦੀ ਹੈਰਾਨੀ ਬੋਲੀ।*

*ਹੈ ਤਾਂ ਸਹੀ*

*ਫੇਰ ਉਹ ਕਿੱਦਾਂ ਲੈ ਲਊ? ਜੇ ਉਹ ਬਾਹਲਾ ਔਖਾ ਭਾਰਾ ਹੋਣ ਲੱਗੂ ਤਾਂ ਪੁਲਿਸ ਨੂੰ ਫੋਨ ਕਰ ਦੇਵੇ ਕੀ ਉਹ ਫੋਨ ਕਰਨ ਦੀ ਵੀ ਹਿੰਮਤ ਨਈਂ ਕਰ ਸਕਦੀ? ਕਿਰਨਜੀਤ ਨੇ ਬੜੇ ਅਚੰਭੇ ਨਾਲ ਪਤੀ ਕੋਲੋਂ ਪੁੱਛਿਆ।*

*ਤੂੰ ਉਹਦੇ ਵਰਗੇ ਤਾਕਤਵਰ ਤੇ ਕਲੈਵਰ ਬੰਦੇ ਨੂੰ ਨਹੀਂ ਜਾਣਦੀ। ਏਦਾਂ ਦੇ ਬੰਦਿਆਂ ਨੇ ਬਥੇਰੇ ਰਾਹ ਰੱਖੇ ਹੁੰਦੇ, ਕਿਰਨ।"*[13]

ਨਾਵਲਕਾਰ ਨੇ ਇਕ ਪੱਧਰ 'ਤੇ ਜਾ ਕੇ ਪੁਸ਼ੀ ਦੀ ਸਥਿਤੀ ਨੂੰ ਲਾਚਾਰੀ ਤੇ ਬੇਵੱਸੀ ਨਾਲ ਜੋੜਿਆ ਹੈ। ਹੈਨਰੀ ਦੁਆਰਾ ਘਰ ਤੇ ਕਾਰ ਦੇਣ ਨਾਲ ਉਸਨੂੰ ਪੱਛਮੀ ਔਰਤ ਦੀ ਸਥਿਤੀ ਨੂੰ ਲਾਚਾਰੀ ਵੱਸ ਮਰਦਾਵੀ ਗੁਲਾਮੀ ਅਤੇ ਅਧੀਨਤਾ ਵਜੋਂ ਚਿਤਰਿਆ ਹੈ। ਇਥੇ ਪੱਛਮ ਤੇ ਆਰਥਿਕ ਵਸੀਲੇ, ਬੇਕਾਰੀ ਭੱਤਾ, ਸੋਸ਼ਲ ਸਕਿਊਰਟੀ ਵਲੋਂ ਫਲੈਟ ਦੇਣਾ ਅਤੇ ਪੁਸ਼ੀ ਦੁਆਰਾ ਕਿਸੇ ਸੰਸਥਾ ਵਿਚ ਕੰਮ ਕਰਕੇ ਆਰਥਿਕ ਉਪਜੀਵਨ ਕਮਾਉਣ ਦੇ ਬਿਰਤਾਂਤ ਨੂੰ ਸਿਰਜਣ ਵਿਚ ਕੁਤਾਹੀ ਕੀਤੀ ਹੈ। ਉਹ ਵਾਰ-ਵਾਰ ਔਰਤ ਨੂੰ ਲਾਚਾਰ ਤੇ ਮਜ਼ਬੂਰੀ ਵੱਸ ਦਰਸਾ ਆਪਣੀ ਪਟਕਥਾ ਦੇ ਖ਼ਾਸ ਮਕਸਦ ਲਈ ਪਾਠਕਾਂ ਦੀ ਮੌਲਿਕਤਾ ਅਤੇ ਸਥਾਨਿਕ ਸਮਾਜ ਨੂੰ ਸਵੈ-ਸਿਰਜਤ ਢੰਗ ਨਾਲ ਪੇਸ਼ ਕਰਨ ਵੱਲ ਰੁਚਿਤ ਹੋ ਕੇ ਗ਼ਲਪੀ ਬਿਰਤਾਂਤ ਨਾਲ ਦੀ ਰੌਚਿਕਤਾ ਨੂੰ ਭੰਗ ਕਰਕੇ ਦੁਹਰਾਉ ਦਾ ਆਲਮ ਸਿਰਜ ਰਿਹਾ ਹੈ।

ਦਰਅਸਲ *ਸਲਤਨਤ* ਵਿਚਲਾ ਪੇਸ਼ ਬਿਰਤਾਂਤ ਸਹਿਜੇ ਹੀ ਆਰਥਿਕ ਸਰੋਕਾਰਾਂ ਨੂੰ ਲੰਘ ਕੇ ਮਨੁੱਖੀ ਲਾਲਸਾਵਾਂ ਦੀ ਕਥਾ ਪੇਸ਼ ਕਰਦਾ ਹੈ ਜਿਸਦਾ ਮੂਲ ਆਧਾਰ ਮਨੁੱਖੀ ਮਨ ਵਿਚ ਪੈਦਾ ਹੋਈਆਂ ਆਤੰਕੀ ਭਾਵਨਾਵਾਂ ਹਨ ਜਿਹੜੀਆਂ ਬਾਗੀ ਸੁਰਾਂ ਅਖ਼ਤਿਆਰ ਕਰਕੇ ਖ਼ਤਮ ਨਹੀਂ ਹੁੰਦੀਆਂ ਸਗੋਂ ਮੌਕਾ ਪਾ ਕੇ ਪ੍ਰਬਲ ਰੂਪ ਵਿਚ ਸਮਾਜ ਦੀਆਂ ਸਥਾਪਿਤ ਕਦਰਾਂ-ਕੀਮਤਾਂ ਦੇ ਵਿਰੋਧ ਵਿਚੋਂ ਉਤਪੰਨ ਹੋ ਕੇ ਵੱਖਰੀ ਕਿਸਮ ਦਾ ਮਾਨਸਿਕ ਦਵੰਦ ਸਿਰਜਦੀਆਂ ਹਨ। ਇਸ ਸਬੰਧੀ ਡਾ. ਰਜਿੰਦਰਪਾਲ ਸਿੰਘ ਲਿਖਦੇ ਹਨ :

*"ਜਿਹੜੇ ਮਨੁੱਖਾਂ, ਦੇਸ਼ਾਂ, ਕੌਮਾਂ ਨੇ ਬਸਤੀਵਾਦੀ ਹਾਕਮਾਂ ਦੀ ਗੁਲਾਮੀ ਝੱਲੀ ਹੈ, ਉਹ ਬਸਤੀਵਾਦ ਦੇ ਗ੍ਰਹਿਣੇ ਪ੍ਰਭਾਵ ਤੋਂ ਛੇਤੀ ਹੀ ਮੁਕਤ ਨਹੀਂ ਹੋ ਸਕਦੇ ਕਿਉਂਕਿ ਬਸਤੀਵਾਦੀ ਵਰਤਾਰੇ ਅਧੀਨ ਕੇਵਲ ਧਰਤੀਆਂ ਨੂੰ ਹੀ ਬਸਤੀਆਂ ਨਹੀਂ ਬਣਾਇਆ ਗਿਆ ਅਤੇ ਨਾ ਹੀ ਕੇਵਲ ਮਾਨਵੀ ਸਰੀਰਾਂ ਨੂੰ ਗੁਲਾਮ ਬਣਾਇਆ ਗਿਆ ਸੀ ਸਗੋਂ ਮਨੁੱਖ ਮਨ ਨੂੰ ਵੀ ਬਸਤੀਆਂ ਬਣਾ ਕੇ ਰੂਹ ਨੂੰ ਕੈਦ ਕੀਤਾ ਗਿਆ ਸੀ। ਇਸੇ ਕਰਕੇ ਗੁਲਾਮ ਦੇਸਾਂ ਦੇ ਰਾਜਸੀ ਤੌਰ 'ਤੇ ਆਜ਼ਾਦ ਹੋ ਜਾਣ ਬਾਅਦ ਵੀ ਬਸਤੀਆਂ ਰਹੀ ਲੋਕਾਈ ਦਾ ਆਤਮ ਮੁਕਤ ਨਹੀਂ ਹੋ ਸਕਿਆ।"*[14]

ਮਜ਼ਬੂਤ ਆਰਥਿਕ ਸਾਧਨਾਂ 'ਤੇ ਕਾਬਿਜ਼ ਨੂੰ ਹਮੇਸ਼ਾ ਹੀ ਰਾਜਨੀਤਿਕ ਲੋਕਾਂ ਅਤੇ ਪ੍ਰਬੰਧ ਵਲੋਂ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਜੋ ਆਮ ਇਨਸਾਨ ਲਈ ਹਊਆ ਜਾਂ ਡਰ ਪੈਦਾ ਕਰਦਾ ਹੈ ਤੇ ਉਹ ਖ਼ੌਫ ਵਜੋਂ ਉਸ ਅਮੀਰ ਹਸਤੀ ਦੇ ਦਬਕੇ ਹੇਠ ਜੀਣ ਨੂੰ ਆਪਣਾ ਸੁਭਾਵਿਕ ਕਰਮ ਬਿਆਨਦਾ ਹੈ। ਪੁਸ਼ੀ ਦੀ ਮਨੋਦਸ਼ਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ:

*"ਮੈਂ ਡਰ ਗਈ ਸੀ।*

*ਡਰ ਗਈ ਸੀ? ਕਿਸ ਗੱਲ ਤੋਂ ਡਰ ਗਈ ਸੀ? ਜਸਵੀਰ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਗੁੱਸਾ ਆ ਰਿਹਾ ਸੀ*

*ਭਾ ਜੀ ਤੁਸੀਂ ਜਾਣਦੇ ਈ ਆਂ? ਉਹ ਬਹੁਤ ਵੱਡਾ ਬੰਦਾ ਆ। ਉਹ ਕੁਝ ਵੀ ਕਰ ਕਰਾ ਸਕਦਾ ਏ।"*[15]

ਨਾਵਲੀ ਪਾਤਰ ਪੁਸ਼ਪਿੰਦਰ ਦਾ ਇਹ ਡਰ ਸਮੁੱਚੀ ਗੁਲਾਮ ਲੁਕਾਈ ਦੀ ਮਾਨਸਿਕ ਸਥਿਤੀ ਵੱਲ ਸੰਕੇਤ ਕਰਦਾ ਹੈ, ਜੋ ਕਿ ਸਮਾਂ ਬੀਤਣ 'ਤੇ ਵੀ ਆਪਣੇ ਅਵਚੇਤਨ ਨੂੰ ਆਜ਼ਾਦ ਨਹੀਂ ਕਰ ਸਕਦੀ।

## ਨਿਸ਼ਕਰਸ਼

ਇਸ ਤਰ੍ਹਾਂ *ਸਲਤਨਤ* ਨਾਵਲ ਰਾਹੀਂ ਦਰਸ਼ਨ ਸਿੰਘ ਧੀਰ ਪਰਵਾਸੀ ਰਚਨਾ ਪ੍ਰਕਿਰਿਆ ਅਤੇ ਪੰਜਾਬੀ ਨਾਵਲਕਾਰੀ ਨੂੰ ਨਿਵੇਕਲੇ ਸਮੱਸਿਆਕਾਰ ਨਾਲ ਜੋੜਦਾ ਹੈ। ਭਾਵੇਂ ਇਸ ਤੋਂ ਪਹਿਲਾਂ ਵੀ ਪੂੰਜੀਵਾਦ ਦੇ ਪ੍ਰਭਾਵ ਕਾਰਨ ਪਨਪੇ ਮਾਨਵ ਵਿਰੋਧੀ ਸਮਾਜ ਦੀ ਪੇਸ਼ਕਾਰੀ ਹੁੰਦੀ ਰਹੀ ਹੈ ਪਰੰਤੂ *ਸਲਤਨਤ* ਨਾਵਲ ਰਾਹੀਂ ਮਾਨਵੀਂ ਸੰਸਕਾਰਾਂ ਵਿਚ ਪਈਆਂ ਰੂੜ੍ਹੀਆਂ ਦੇ ਨਾਲ-ਨਾਲ ਉਸ ਪਿੱਛੇ ਕੰਮ ਕਰਦੀਆਂ ਸਮਾਜਿਕ ਕਰੂਰਤਾਵਾਂ ਨੂੰ ਵੀ ਨਸ਼ਰ ਕੀਤਾ ਗਿਆ ਹੈ। ਪੂੰਜੀ ਆਰਥਿਕ ਵਸੀਲਿਆਂ ਦੇ ਸਾਧਨਾਂ ਤੋਂ ਪਰ੍ਹੇ ਜਦੋਂ ਲਾਲਚ ਅਤੇ ਆਤੰਕ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਉਸ ਦਾ ਅੰਤ ਦੁਖਾਂਤ ਵਲ ਚਲਿਆ ਜਾਂਦਾ ਹੈ, ਜਿਵੇਂ ਕਿ *ਸਲਤਨਤ* ਨਾਵਲ ਦਾ ਹੋਇਆ ਹੈ। ਇਹ ਨਾਵਲ ਸਰਮਾਏਦਾਰੀ ਦੇ ਇਸ ਯੁੱਗ ਵਿਚ ਪੂੰਜੀ ਦੇ ਪਸਰੇ ਆਤੰਕ ਦੇ ਨਾਲ ਖ਼ਤਮ ਹੋ ਰਹੀ ਮਾਨਵਤਾ ਅਤੇ ਰਿਸ਼ਤਿਆਂ ਦੀ ਸਲਤਨਤ ਦੇ ਢਹਿ-ਢੇਰੀ ਹੋਣ ਦੇ ਸਮਾਜਿਕ ਪੈਂਤੜੇ ਨੂੰ ਸੂਖ਼ਮਤਾ ਨਾਲ ਪੇਸ਼ ਕਰ ਸਕਿਆ ਹੈ।

## ਹਵਾਲੇ ਅਤੇ ਟਿੱਪਣੀਆਂ


[1]. ਵਿ. ਗ੍ਰਿ. ਅਫਾਨਾਸੀਏ, ਮਾਰਕਸਵਾਦੀ ਦਰਸ਼ਨ (ਅਨੁ.), ਪ੍ਰੋ. ਪ੍ਰੀਤਮ ਸਿੰਘ ਪਰਵਾਨਾ, ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ, ਪਹਿਲੀ ਵਾਰ, 1973, ਪੰਨਾ-233.

[2]. ਦਰਸ਼ਨ ਸਿੰਘ ਧੀਰ, ਸਲਤਨਤ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2013, ਪੰਨੇ-53-54.

[3]. ਉਹੀ, ਪੰਨਾ-156.

[4]. ਉਹੀ, ਪੰਨਾ-56.

[5]. ਉਹੀ, ਪੰਨੇ-68-69.

[6]. ਉਹੀ, ਪੰਨੇ-72-73.

[7]. ਜਗਦੀਪ ਸਿੰਘ, ਬਰਤਾਨਵੀ ਪੰਜਾਬੀ ਨਾਵਲ ਰਿਸ਼ਤਿਆਂ ਦੇ ਬਦਲਦੇ ਸਰੂਪ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2003, ਪੰਨਾ-123.

[8]. ਦਰਸ਼ਨ ਸਿੰਘ ਧੀਰ, ਸਲਤਨਤ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2013, ਪੰਨਾ-125.

[9]. ਉਹੀ, ਪੰਨਾ-142.

[10]. ਉਹੀ, ਪੰਨਾ-161.

[11]. ਰਜਿੰਦਰਪਾਲ ਸਿੰਘ, ਦਰਸ਼ਨ ਧੀਰ ਦੇ ਨਾਵਲਾਂ ਵਿਚ ਪਰਵਾਸ ਅਤੇ ਮੂਲਵਾਸ ਦਾ ਦਵੰਦ, ਵੀਰਪਾਲ ਕੌਰ ਸਿਵੀਆ (ਸੰਪਾ.), ਸਮਕਾਲੀ ਪੰਜਾਬੀ ਨਾਵਲ ਦੇ ਸਰੋਕਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2016, ਪੰਨਾ-77.

[12]. ਦਰਸ਼ਨ ਸਿੰਘ ਧੀਰ, ਸਲਤਨਤ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2013, ਪੰਨੇ-171-172.

[13]. ਉਹੀ, ਪੰਨਾ-179.

[14]. ਰਜਿੰਦਰਪਾਲ ਸਿੰਘ, ਦਰਸ਼ਨ ਧੀਰ ਦੇ ਨਾਵਲਾਂ ਵਿਚ ਪਰਵਾਸ ਅਤੇ ਮੂਲਵਾਸ ਦਾ ਦਵੰਦ, ਵੀਰਪਾਲ ਕੌਰ ਸਿਵੀਆ (ਸੰਪਾ.), ਸਮਕਾਲੀ ਪੰਜਾਬੀ ਨਾਵਲ ਦੇ ਸਰੋਕਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2016, ਪੰਨਾ-73.

[15]. ਦਰਸ਼ਨ ਸਿੰਘ ਧੀਰ, ਸਲਤਨਤ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2013, ਪੰਨਾ-279.

***Cite this Article:***

***ਕੌਰ, ਹਰਪ੍ਰੀਤ. (2026).*** *(2026).* ***ਦਰਸ਼ਨ ਧੀਰ ਦੁਆਰਾ ਰਚਿਤ ਨਾਵਲ 'ਸਲਤਨਤ': ਪੂੰਜੀ ਦਾ ਆਤੰਕ ਬਨਾਮ ਪਰਵਾਸੀ ਜੀਵਨ.*** *International Journal of Multidisciplinary Research in Arts, Science and Technology (IJMRAST), 4(4), 33–40.*

***Journal URL:*** *https://ijmrast.com/* ***DOI:*** *https://doi.org/10.61778/ijmrast.v4i4.259*

This work is licensed under a Creative Commons Attribution-Non-Commercial 4.0 International License.
© The Author(s) 2026. IJMRAST Published by Surya Multidisciplinary Publication.